Punjab Government Gazette

Published by Authority

No. 38] CHANDIGARH, FRIDAY, SEPTEMBER 19, 2025 (BHADRA 28, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ

(ਪਸ਼ੂ ਪਾਲਣ- 1 ਸ਼ਾਖਾ)

ਨੋਟੀਫਿਕੇਸ਼ਨ

ਮਿਤੀ 19 ਦਸੰਬਰ, 2022

ਨੰ:09/43/2019.ਪ.ਪ.1(9/5)/6664.- ਡਾ.ਗੁਰਦੀਪ ਸਿੰਘ ਪੰਨੂ, ਵੈਟਰਨਰੀ ਅਫਸਰ, ਸਿਵਲ ਪਸ਼ੂ ਹਸਪਤਾਲ, ਜ਼ੋਲੀਆਂ (ਸੰਗਰੂਰ) ਗੈਰ-ਹਾਜ਼ਰ ਨੂੰ ਮਿਤੀ 05.08.2019 ਤੋਂ ਬਿਨਾਂ ਛੁੱਟੀ ਮੰਨਜੂਰ ਕਰਵਾਏ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਦੇ ਦੋਸ਼ਾਂ ਕਾਰਣ ਯਾਦ ਪੱਤਰ ਨੰ:09/43/2019.ਪ.ਪ.1(9)/6094, ਮਿਤੀ 02.12.2019 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਵੱਡੀਆਂ ਸਜ਼ਾਵਾਂ ਦੇਣ ਲਈ ਦੋਸ਼ ਸੂਚੀ ਜਾਰੀ ਕਰਕੇ ਉਤਰ 21 ਦਿਨਾਂ ਦੇ ਅੰਦਰ-ਅੰਦਰ ਸਮਰੱਥ ਅਧਿਕਾਰੀ ਨੂੰ ਲਿਖਤੀ ਰੂਪ ਵਿੱਚ ਭੇਜਣ ਲਈ ਲਿਖਿਆ ਗਿਆ ਸੀ। ਪ੍ਰੰਤੂ ਇਸ ਅਧਿਕਾਰੀ ਵਲੋ ਚਾਰਜਸੀਟ ਦੇ ਸਬੰਧ ਵਿੱਚ ਕੋਈ ਜਵਾਬ ਨਹੀ ਦਿੱਤਾ ਗਿਆ ਸੀ।

2. ਇਸ ਉਪਰੰਤ ਮਾਮਲੇ ਦੀ ਸਚਾਈ ਜਾਨਣ ਲਈ 09/43/2019.ਪ.ਪ.1(9)/318, ਮਿਤੀ 19.01.2022 ਰਾਹੀ ਸ੍ਰੀ ਗੁਰਦੀਪ ਸਿੰਘ, ਪੀ.ਸੀ.ਐਸ (ਰਿਟਾਇਰਡ) ਨੂੰ ''ਪੜਤਾਲੀਆ ਅਫਸਰ'' ਨਿਯੁਕਤ ਕੀਤਾ ਗਿਆ ਸੀ।ਅਧਿਕਾਰੀ ਨੂੰ ਪੜਤਾਲ ਵਿੱਚ ਸਾਮਲ ਹੋ ਕੇ ਆਪਣਾ ਪੱਖ ਰੱਖਣ ਲਈ ਪੜਤਾਲੀਆ ਅਫਸਰ/ਪੈਰਵੀ ਕਰਤਾ ਅਫਸਰ ਵਲੋ ਨੋਟਿਸ ਜਾਰੀ ਕਰਨ ਅਤੇ ਅਖਬਾਰਾਂ ਵਿੱਚ ਪਬਲਿਕ ਨੋਟਿਸ ਪ੍ਰਕਾਸਿਤ ਕਰਾਉਣ ਦੇ ਬਾਜਵੂਦ ਵੀ ਅਧਿਕਾਰੀ ਪੜਤਾਲ ਵਿੱਚ ਹਾਜ਼ਰ ਨਹੀ ਹੋਇਆ ਸੀ। ਪੜਤਾਲੀਆ ਅਫਸਰ ਵਲੋ ਪੇਸ਼ ਕੀਤੀ ਪੜਤਾਲ ਰਿਪੋਰਟ ਮਿਤੀ 17.02.2022 ਵਿੱਚ ਅਧਿਕਾਰੀ ਵਿਰੁੱਧ ਦੋਸ਼ ਸੂਚੀ ਵਿੱਚ ਲਗਾਏ ਦੋਸ਼ ਸਿੱਧ ਕੀਤੇ ਗਏ ਸਨ।

3. ਇਸ ਵਿਭਾਗ ਦੇ ਰਜਿਸਟਰਡ ਮੀਮੋ ਨੰ: 09/43/2019.ਪ.ਪ.1(9)/1011,ਮਿਤੀ 16.03.2022 ਰਾਹੀ ਪੜਤਾਲ ਰਿਪੋਰਟ ਮਿਤੀ 17.02.2022 ਦੀ ਕਾਪੀ ਅਧਿਕਾਰੀ ਦੇ ਘਰੇਲੂ ਪਤੇ ਤੇ ਭੇਜ਼ ਕੇ ਆਪਣਾ ਪੱਖ ਪੇਸ਼ ਕਰਨ ਲਈ ਲਿਖਿਆ ਗਿਆ ਸੀ, ਜ਼ੋ ਕਿ ਡਾਕ ਵਿਭਾਗ ਵਲੋ "Addressee left India" ਦੇ ਕਥਨਾ ਨਾਲ ਮੂਲ ਰੂਲ ਵਿੱਚ ਵਾਪਿਸ ਪ੍ਰਾਪਤ ਹੋ ਗਿਆ ਸੀ।ਡਾਇਰੈਕਟਰ, ਪਸ਼ੂ ਪਾਲਣ ਵਿਭਾਗ,ਪੰਜਾਬ ਵਲੋ ਪੱਤਰ ਨੰ:2047,ਮਿਤੀ 02.08.2022 ਰਾਹੀ ਪ੍ਰਾਪਤ ਹੋਏ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਸੰਗਰੂਰ ਦੇ ਪੱਤਰ ਨੰ:470, ਮਿਤੀ 20.04.2022 ਅਨੁਸਾਰ ਪੜਤਾਲ ਰਿਪੋਰਟ ਦੀ ਕਾਪੀ ਅਧਿਕਾਰੀ ਦੇ ਮਾਤਾ ਸ੍ਰੀਮਤੀ ਬਲਜੀਤ ਕੌਰ ਨੂੰ ਮਿਤੀ 18.04.2022 ਨੂੰ ਰਸੀਵ ਕਰਵਾਈ ਗਈ ਸੀ।ਪ੍ਰੰਤੂ ਇਸ ਅਧਿਕਾਰੀ ਵਲੋ ਪੜਤਾਲ ਰਿਪੋਰਟ ਦੇ ਸਬੰਧ ਵਿੱਚ ਵੀ ਕੋਈ ਜਵਾਬ ਨਹੀ ਭੇਜਿਆ ਸੀ।

4. ਇਸ ਤਰਾਂ ਅਧਿਕਾਰੀ ਵੱਲੋ ਸਰਕਾਰ ਦੇ ਕਿਸੇ ਵੀ ਪੱਤਰ ਦਾ ਜਵਾਬ ਨਹੀ ਦਿੱਤਾ ਗਿਆ ਸੀ, ਜਿਸ ਤੋ ਸ਼ੱਪਸ਼ਟ ਹੁੰਦਾ ਹੈ ਕਿ ਉਹ ਸਰਕਾਰ ਦੇ ਕਿਸੇ ਵੀ ਪੱਤਰ ਦਾ ਉਤਰ ਨਹੀ ਦੇਣਾ ਚਾਹੁੰਦਾ ਅਤੇ ਨਾ ਹੀ ਅੱਗੇ ਸਰਕਾਰੀ ਸੇਵਾ ਕਰਨਾ ਚਾਹੁੰਦਾ ਹੈ। ਇਸ ਲਈ ਸਮਰੱਥ ਅਥਾਰਿਟੀ ਵਲੋ ਡਾ.ਗੁਰਵਿੰਦਰ ਸਿੰਘ, ਵੈਟਰਨਰੀ ਅਫਸਰ, ਸਿਵਲ ਪਸੂ ਹਸਪਤਾਲ, ਰਾਮਾ ਮੰਡੀ (ਬਠਿੰਡਾ) ਗੈਰ-ਹਾਜ਼ਰ ਨੂੰ ਉਸ ਦੀ ਗੈਰ-ਹਾਜ਼ਰੀ ਦੀ ਮਿਤੀ 05.08.2019 ਤੋ ਸਰਕਾਰੀ ਸੇਵਾ ਤੋ ਡਿਸਮਿਸ ਕਰਨ ਸਬੰਧੀ ਸਿਧਾਂਤਕ ਤੋਰ ਤੇ ਫੈਸਲਾ ਲਿਆ ਗਿਆ ਸੀ।

5. ਅਧਿਕਾਰੀ ਨੂੰ ਸਰਕਾਰੀ ਸੇਵਾ ਤੋ ਡਿਸਮਿਸ ਕਰਨ ਸਬੰਧੀ ਲਏ ਗਏ ਫੈਸਲੇ ਦੀ ਸਹਿਮਤੀ ਪ੍ਰਾਪਤ ਕਰਨ ਬਾਰੇ ਸਰਕਾਰ ਵਲੋ ਮੀਮੋ ਨੰ: 09/43/2019.ਪ.ਪ.1(9/5)/ 5080, ਮਿਤੀ 03.10.2022 ਰਾਹੀ ਰਾਹੀ ਮਾਮਲਾ ਪੰਜਾਬ ਲੋਕ ਸੇਵਾ ਕਮਿਸ਼ਨ,ਪਟਿਆਲਾ ਨਾਲ ਟੇਕਅੱਪ ਕੀਤਾ ਗਿਆ ਸੀ।ਸਕੱਤਰ,ਪੰਜਾਬ ਲੋਕ ਸੇਵਾ ਕਮਿਸ਼ਨ,ਪਟਿਆਲਾ ਵਲੋ ਪੱਤਰ ਨੰ: ਡਿਸ 199/2022/ਅ-7/4958,ਮਿਤੀ 18.11.2022 ਰਾਹੀਂ ਡਾ.ਗੁਰਦੀਪ ਸਿੰਘ ਪੰਨੂ,ਵੈਟਰਨਰੀ ਅਫਸਰ,ਸਿਵਲ ਪਸੂ ਹਸਪਤਾਲ, ਜ਼ੌਲੀਆਂ(ਸੰਗਰੂਰ) ਗੈਰ-ਹਾਜ਼ਰ ਨੂੰ ਸਰਕਾਰੀ ਸੇਵਾ ਤੋ ਡਿਸਮਿਸ ਕਰਨ ਸਬੰਧੀ ਸਹਿਮਤੀ ਦਿੱਤੀ ਗਈ ਹੈ।

6. ਇਸ ਪ੍ਰਕਾਰ ਕੇਸ ਦੇ ਸਮੁੱਚੇ ਹਾਲਾਤਾਂ ਨੂੰ ਵਿਚਾਰਦੇ ਹੋਏ ਅਤੇ ਪੜਤਾਲੀਆ ਅਫਸਰ ਦੀ ਰਿਪੋਰਟ ਮਿਤੀ 17.02.2022 ਨਾਲ ਸਹਿਮਤੀ ਪ੍ਰਗਟ ਕਰਦੇ ਹੋਏ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਦੀ ਸਲਾਹ ਅਨੁਸਾਰ ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ-ਪੂਰਵਕ ਡਾ.ਗੁਰਦੀਪ ਸਿੰਘ ਪੰਨੂ,ਵੈਟਰਨਰੀ ਅਫਸਰ, ਸਿਵਲ ਪਸ਼ੂ ਹਸਪਤਾਲ, ਜ਼ੌਲੀਆਂ (ਸੰਗਰੂਰ) ਗੈਰ-ਹਾਜ਼ਰ ਨੂੰ ਉਸ ਦੀ ਗੈਰ-ਹਾਜ਼ਰੀ ਦੀ ਮਿਤੀ 05.08.2019 ਤੋਂ ਸਰਕਾਰੀ ਸੇਵਾ ਤੋਂ ਡਿਸਮਿਸ ਕੀਤਾ ਜਾਂਦਾ ਹੈ।

ਵਿਕਾਸ ਪ੍ਰਤਾਪ

ਚੰਡੀਗੜ੍ਹ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

ਮਿਤੀ 14 ਦਸੰਬਰ,2022 ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ

3501/9-2025/Pb. Govt. Press, S.A.S. Nagar